# ਪ੍ਰਾਈਵੇਟ ਕਿਰਾਏਦਾਰ: ਆਪਣੇ ਅਧਿਕਾਰ ਜਾਣੋ

## ਮੇਰਾ ਮਕਾਨ-ਮਾਲਕ ਚਾਹੁੰਦਾ ਹੈ ਕਿ ਮੈਂ ਪ੍ਰਾਪਰਟੀ ਛੱਡ ਦੇਵਾਂ

**ਇਸ 'ਤੇ ਲਾਗੂ ਹੁੰਦਾ ਹੈ: ਇੰਗਲੈਂਡ**
**ਜੂਨ 2026**

1 ਮਈ 2026 ਤੋਂ, ਤੁਹਾਡਾ ਮਕਾਨ-ਮਾਲਕ ਜਾਂ ਕਿਰਾਏ 'ਤੇ ਦੇਣ ਵਾਲਾ ਏਜੰਟ ਤੁਹਾਨੂੰ ਰਸਮੀ **ਸੈਕਸ਼ਨ 8 ਨੋਟਿਸ** ਦੇ ਬਿਨਾਂ ਜਾਣ ਲਈ ਨਹੀਂ ਕਹਿ ਸਕਦਾ ਹੈ ਅਤੇ ਉਹਨਾਂ ਕੋਲ ਤੁਹਾਡੀ ਕਿਰਾਏਦਾਰੀ ਨੂੰ ਸਮਾਪਤ ਕਰਨ ਦਾ ਜਾਇਜ਼ ਕਾਰਨ ਜ਼ਰੂਰ ਹੋਣਾ ਚਾਹੀਦਾ ਹੈ।

**ਸੈਕਸ਼ਨ 21** ਬੇਦਖ਼ਲੀ, ਜਿਸ ਲਈ ਕਾਰਨ ਦੀ ਲੋੜ ਨਹੀਂ ਸੀ, ਨੂੰ ਹੁਣ ਇੰਗਲੈਂਡ ਵਿੱਚ **ਖ਼ਤਮ** ਕਰ ਦਿੱਤਾ ਗਿਆ ਹੈ। ਹੁਣ ਕੋਈ ਨਿਸ਼ਚਿਤ ਮਿਆਦਾਂ ਵੀ ਨਹੀਂ ਹਨ, ਇਸ ਲਈ ਜੇ ਤੁਸੀਂ ਛੱਡਣਾ ਨਹੀਂ ਚਾਹੁੰਦੇ ਹੋ, ਅਤੇ ਤੁਹਾਡੇ ਮਕਾਨ-ਮਾਲਕ ਨੇ ਨੋਟਿਸ ਨਹੀਂ ਦਿੱਤਾ ਹੈ, ਤਾਂ ਤੁਹਾਡੀ ਕਿਰਾਏਦਾਰੀ ਜਾਰੀ ਰਹੇਗੀ।

**ਸੈਕਸ਼ਨ** 8 ਨੋਟਿਸ ਲਈ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਕਾਰਨਾਂ ਵਿੱਚ ਸ਼ਾਮਲ ਹਨ:

- ਮਕਾਨ-ਮਾਲਕ ਪ੍ਰਾਪਰਟੀ ਨੂੰ ਵੇਚਣਾ ਚਾਹੁੰਦਾ ਹੈ ਜਾਂ ਆਪਣੇ ਜਾਂ ਕਿਸੇ ਨਜ਼ਦੀਕੀ ਪਰਿਵਾਰਕ ਮੈਂਬਰ ਨੂੰ ਰੱਖਣਾ ਚਾਹੁੰਦਾ ਹੈ
- ਤੁਹਾਡੇ 'ਤੇ ਕਿਰਾਇਆ ਬਕਾਇਆ ਹੈ
- ਤੁਸੀਂ ਸਮਾਜ-ਵਿਰੋਧੀ ਵਿਹਾਰ ਵਿੱਚ ਸ਼ਾਮਲ ਹੋਏ ਹੋ

ਦੋ ਤਰ੍ਹਾਂ ਦਾ ਆਧਾਰ ਹੁੰਦਾ ਹੈ:
**ਲਾਜ਼ਮੀ** – ਜੇ ਤੁਹਾਡਾ ਮਕਾਨ-ਮਾਲਕ ਆਧਾਰ ਨੂੰ ਸਾਬਤ ਕਰ ਸਕਦਾ ਹੈ, ਤਾਂ ਅਦਾਲਤ ਕਬਜ਼ੇ ਦਾ ਆਦੇਸ਼ ਜਾਰੀ ਕਰੇਗੀ ਤਾਂ ਜੋ ਨੋਟਿਸ ਦੀ ਮਿਆਦ ਖਤਮ ਹੁੰਦੇ ਹੀ ਤੁਹਾਨੂੰ ਬੇਦਖ਼ਲ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕੇ।
**ਅਖ਼ਤਿਆਰੀ** – ਇਹ ਫੈਸਲਾ ਕਰਨਾ ਅਦਾਲਤ 'ਤੇ ਨਿਰਭਰ ਕਰੇਗਾ ਕਿ ਕੀ ਬੇਦਖ਼ਲੀ ਲਈ ਵਰਤਿਆ ਗਿਆ ਆਧਾਰ ਵਾਜਬ ਹੈ, ਅਤੇ ਕਬਜ਼ੇ ਦਾ ਆਦੇਸ਼ ਦਿੱਤਾ ਜਾਣਾ ਚਾਹੀਦਾ ਹੈ।

ਬੇਦਖ਼ਲੀ ਦੇ ਆਮ ਅਧਾਰਾਂ ਬਾਰੇ ਵਧੇਰੇ ਜਾਣਕਾਰੀ ਹੇਠਾਂ ਦਿੱਤੀ ਸਾਰਣੀ ਵਿੱਚ ਹੈ।

ਜੇ ਤੁਹਾਡੇ ਮਕਾਨ-ਮਾਲਕ ਨੇ ਤੁਹਾਡੇ ਡਿਪਾਜ਼ਿਟ ਦੀ ਸਹੀ ਢੰਗ ਨਾਲ ਰੱਖਿਆ ਨਹੀਂ ਕੀਤੀ ਹੈ ਤਾਂ ਸੈਕਸ਼ਨ 8 ਨੋਟਿਸ ਅਯੋਗ ਕੀਤਾ ਜਾ ਸਕਦਾ ਹੈ। ਇਸ ਬਾਰੇ ਇੱਥੇ ਹੋਰ ਪੜ੍ਹੋ: https://www.generationrent.org/rights/my-landlord-hasnt-protected-my-deposit/

**ਕਬਜ਼ੇ ਬਾਰੇ ਅਦਾਲਤੀ ਸੁਣਵਾਈ**
ਜੇ ਤੁਹਾਡਾ ਮਕਾਨ-ਮਾਲਕ ਤੁਹਾਨੂੰ ਬਾਹਰ ਕੱਢਣ ਲਈ ਅਦਾਲਤ ਜਾਂਦਾ ਹੈ, ਤਾਂ ਇੱਥੇ 'ਕਬਜ਼ੇ ਦੀ ਸੁਣਵਾਈ' ਹੋਵੇਗੀ। ਤੁਸੀਂ ਇਸ ਨੂੰ ਜਾਣਦੇ ਹੋਵੋਗੇ ਕਿਉਂਕਿ ਤੁਹਾਨੂੰ ਅਦਾਲਤ ਦੇ ਕਾਗਜ਼ ਭੇਜੇ ਜਾਣਗੇ, ਜਿਨ੍ਹਾਂ ਵਿੱਚ ਸ਼ਾਮਲ ਹਨ:

- 'ਕਬਜ਼ੇ ਲਈ ਦਾਅਵਾ' ਫਾਰਮ ਦੀਆਂ ਕਾਪੀਆਂ
- ਇੱਕ ਬਚਾਅ ਫਾਰਮ
- ਤੁਹਾਡੀ ਅਦਾਲਤ ਦੀ ਸੁਣਵਾਈ ਦੀ ਤਾਰੀਖ਼

ਬਚਾਓ ਫਾਰਮ ਤੁਹਾਡੇ ਲਈ ਇਸ ਬਾਰੇ ਦੱਸਣ ਦਾ ਮੌਕਾ ਹੁੰਦਾ ਹੈ ਕਿ ਕੀ ਕੋਈ ਬਕਾਇਆ ਕਿਰਾਇਆ ਹੈ, ਅਤੇ ਜੇ ਤੁਸੀਂ ਉਸ ਨਾਲ ਸਹਿਮਤ ਨਹੀਂ ਹੋ ਜੋ ਤੁਹਾਡੇ ਮਕਾਨ-ਮਾਲਕ ਨੇ 'ਕਬਜ਼ੇ ਲਈ ਦਾਅਵੇ' ਫਾਰਮ 'ਤੇ ਪਾਇਆ ਹੈ। ਤੁਹਾਡੇ ਕੋਲ ਆਪਣੇ ਮਕਾਨ-ਮਾਲਕ ਦੇ ਵਿਰੁੱਧ ਕੋਈ

| ਬੇਦਖ਼ਲੀ ਲਈ ਕਾਰਨ | ਆਧਾਰ | ਨੋਟਿਸ ਦੀ ਮਿਆਦ | ਵਾਧੂ ਹਾਲਾਤ |
|---|---|---|---|
| ਮਕਾਨ-ਮਾਲਕ ਪ੍ਰਾਪਰਟੀ ਵਿੱਚ ਖੁਦ ਰਹਿਣਾ ਚਾਹੁੰਦਾ ਹੈ ਜਾਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਰੱਖਣਾ ਚਾਹੁੰਦਾ ਹੈ, ਜਾਂ ਪ੍ਰਾਪਰਟੀ ਨੂੰ ਵੇਚਣਾ ਚਾਹੁੰਦਾ ਹੈ | 1, 1A | 4 ਮਹੀਨੇ | ਲਾਜ਼ਮੀ। ਤੁਹਾਡਾ ਮਕਾਨ-ਮਾਲਕ ਤੁਹਾਡੀ ਕਿਰਾਏਦਾਰੀ ਦੇ ਪਹਿਲੇ 12 ਮਹੀਨਿਆਂ ਲਈ ਇਹਨਾਂ ਆਧਾਰਾਂ ਦੀ ਵਰਤੋਂ ਨਹੀਂ ਕਰ ਸਕਦਾ। |
| ਮੌਰਗੇਜ ਰਿਣਦਾਤਾ ਪ੍ਰਾਪਰਟੀ ਨੂੰ ਦੁਬਾਰਾ ਹਾਸਲ ਕਰਨਾ ਚਾਹੁੰਦਾ ਹੈ, ਜਾਂ ਮਕਾਨ-ਮਾਲਕ ਸੰਪਤੀ ਦਾ ਕਾਫ਼ੀ ਜ਼ਿਆਦਾ ਮੁੜ-ਵਿਕਾਸ ਕਰ ਰਿਹਾ ਹੈ | 2, 6 | 4 ਮਹੀਨੇ | ਲਾਜ਼ਮੀ |
| ਤੁਸੀਂ 2+ ਵਿਦਿਆਰਥੀਆਂ ਦੇ ਨਾਲ ਸਾਂਝੇ ਘਰ ਵਿੱਚ ਰਹਿ ਰਹੇ ਫੁੱਲ-ਟਾਈਮ ਵਿਦਿਆਰਥੀ ਹੋ। ਤੁਹਾਡਾ ਮਕਾਨ-ਮਾਲਕ ਇਸ ਆਧਾਰ ਦੀ ਵਰਤੋਂ ਕਰ ਸਕਦਾ ਹੈ ਜੇ ਨਵਾਂ ਅਕਾਦਮਿਕ ਸਾਲ ਸ਼ੁਰੂ ਹੋਣ 'ਤੇ ਵਿਦਿਆਰਥੀਆਂ ਦੇ ਨਵੇਂ ਸਮੂਹ ਲਈ ਪ੍ਰਾਪਰਟੀ ਦੀ ਲੋੜ ਹੈ | 4A | 4 ਮਹੀਨੇ | ਲਾਜ਼ਮੀ। ਸਿਰਫ ਤਾਂ ਹੀ ਵਰਤਿਆ ਜਾ ਸਕਦਾ ਹੈ ਜੇ ਜ਼ਮੀਨ ਨੂੰ ਵਰਤਣ ਦਾ ਮਕਾਨ-ਮਾਲਕ ਦਾ ਇਰਾਦਾ ਕਿਰਾਏਦਾਰੀ ਸਮਝੌਤੇ ਵਿੱਚ ਹੈ, ਅਤੇ ਕਿਰਾਏਦਾਰੀ 'ਤੇ ਸਹਿਮਤੀ ਕਿਰਾਏਦਾਰੀ ਸ਼ੁਰੂ ਹੋਣ ਤੋਂ ਛੇ ਮਹੀਨੇ ਪਹਿਲਾਂ ਦਿੱਤੀ ਗਈ ਸੀ। ਹੋਰ ਪੜ੍ਹੋ |
| ਜੇ ਤੁਹਾਡੇ ਮਕਾਨ-ਮਾਲਕ ਦੀ ਕਾਨੂੰਨ ਤੋੜਨ ਲਈ ਜਾਂਚ ਕੀਤੀ ਗਈ ਹੈ | 6B | 4 ਮਹੀਨੇ | ਲਾਜ਼ਮੀ। ਅਦਾਲਤ ਤੁਹਾਡੇ ਮਕਾਨ-ਮਾਲਕ ਨੂੰ ਤੁਹਾਨੂੰ ਮੁਆਵਜ਼ਾ ਦੇਣ ਲਈ ਕਹਿ ਸਕਦੀ ਹੈ |
| ਤੁਸੀਂ ਸਮਾਜ-ਵਿਰੋਧੀ ਜਾਂ ਅਪਰਾਧਿਕ ਵਿਹਾਰ ਵਿੱਚ ਸ਼ਾਮਲ ਹੋਏ ਹੋ | 7A, 14 | ਮਕਾਨ-ਮਾਲਕ ਤੁਰੰਤ ਅਦਾਲਤ ਵਿੱਚ ਅਰਜ਼ੀ ਦੇ ਸਕਦਾ ਹੈ | ਜੇ ਕਿਰਾਏਦਾਰ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਜਾਂ ਉਸ ਨੇ ਸੰਬੰਧਿਤ ਆਦੇਸ਼ ਦੀ ਉਲੰਘਣਾ ਕੀਤੀ ਹੈ ਤਾਂ ਲਾਜ਼ਮੀ; ਨਹੀਂ ਤਾਂ, ਅਖ਼ਤਿਆਰੀ |
| ਤੁਹਾਨੂੰ ਇਮੀਗ੍ਰੇਸ਼ਨ ਕਾਨੂੰਨ ਤਹਿਤ ਕਿਰਾਏ 'ਤੇ ਲੈਣ ਦਾ ਅਧਿਕਾਰ ਨਹੀਂ ਹੈ | 7B | 2 ਹਫ਼ਤੇ | ਲਾਜ਼ਮੀ |
| ਤੁਹਾਡੇ 'ਤੇ ਬਕਾਇਆ ਕਿਰਾਇਆ ਹੈ ਜਾਂ ਤੁਸੀਂ ਆਪਣੇ ਕਿਰਾਏ ਦਾ ਦੇਰੀ ਨਾਲ ਭੁਗਤਾਨ ਕਰਦੇ ਹੋ | 8, 10, 11 | 4 ਹਫ਼ਤੇ | ਜੇ ਅਦਾਲਤ ਦੀ ਮਿਤੀ ਤੱਕ 3+ ਮਹੀਨਿਆਂ ਦਾ ਬਕਾਇਆ ਹੈ ਤਾਂ ਲਾਜ਼ਮੀ; ਨਹੀਂ ਤਾਂ ਅਖ਼ਤਿਆਰੀ। ਯੂਨੀਵਰਸਲ ਕ੍ਰੈਡਿਟ ਭੁਗਤਾਨ ਵਿੱਚ ਦੇਰੀ ਤੋਂ ਪ੍ਰਭਾਵਿਤ ਕਿਰਾਏਦਾਰਾਂ ਲਈ ਸੁਰੱਖਿਆ। |
| ਕਿਰਾਏਦਾਰੀ ਦੀ ਉਲੰਘਣਾ, ਸੰਪਤੀ/ਫਰਨੀਚਰ ਦਾ ਖ਼ਰਾਬ ਹੋਣਾ, ਘਰੇਲੂ ਦੁਰਵਿਹਾਰ, ਦੰਗੇ, ਜਾਂ ਕਿਰਾਏਦਾਰੀ ਪ੍ਰਾਪਤ ਕਰਨ ਲਈ ਝੂਠਾ ਬਿਆਨ | 12, 13, 14A, 14ZA, 15, 17 | 2 ਹਫ਼ਤੇ | ਅਖ਼ਤਿਆਰੀ |

ਜਵਾਬੀ ਦਾਅਵਾ ਹੋ ਸਕਦਾ ਹੈ ਜੇ ਉਹ ਪ੍ਰਾਪਰਟੀ ਦੀ ਮੁਰੰਮਤ ਕਰਨ, ਤੁਹਾਡੇ ਡਿਪਾਜ਼ਿਟ ਦੀ ਰੱਖਿਆ ਕਰਨ ਵਿੱਚ ਅਸਫਲ ਰਹੇ ਹਨ ਜਾਂ ਜੇ ਉਹਨਾਂ ਨੇ ਤੁਹਾਨੂੰ ਪਰੇਸ਼ਾਨ ਕੀਤਾ ਹੈ। ਜੇ ਅਜਿਹਾ ਹੈ, ਤਾਂ ਉਹਨਾਂ ਕੋਲ ਤੁਹਾਡਾ ਜੋ ਪੈਸਾ ਹੈ ਉਸ ਨੂੰ ਤੁਹਾਡੇ 'ਤੇ ਬਕਾਇਆ ਪੈਸੇ ਦੇ ਵਿਰੁੱਧ ਐਡਜਸਟ ਕੀਤਾ ਜਾ ਸਕਦਾ ਹੈ।

ਜੇ ਕੋਈ ਕਾਰਨ ਨਹੀਂ ਹੈ ਕਿ ਤੁਹਾਨੂੰ ਬੇਦਖ਼ਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੱਜ ਕੇਸ ਨੂੰ ਖਾਰਜ ਕਰ ਦੇਵੇਗਾ। ਇਹ ਸ਼ਾਇਦ ਤਾਂ ਹੋ ਸਕਦਾ ਹੈ ਜੇ:

- ਤੁਹਾਡੇ ਮਕਾਨ-ਮਾਲਕ ਨੇ ਸਹੀ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਹੈ
- ਤੁਹਾਡਾ ਮਕਾਨ-ਮਾਲਕ ਜਾਂ ਉਸਦਾ ਪ੍ਰਤਿਨਿਧੀ ਸੁਣਵਾਈ ਵਿੱਚ ਸ਼ਾਮਲ ਨਹੀਂ ਹੁੰਦਾ
- ਤੁਸੀਂ ਕਿਸੇ ਵੀ ਬਕਾਇਆ ਕਿਰਾਏ ਦਾ ਭੁਗਤਾਨ ਕਰ ਦਿੱਤਾ ਹੈ

ਜੇ ਜੱਜ ਕੇਸ ਨੂੰ ਖਾਰਜ ਕਰ ਦਿੰਦਾ ਹੈ, ਤਾਂ ਤੁਸੀਂ ਆਪਣੇ ਘਰ ਵਿੱਚ ਰਹਿ ਸਕਦੇ ਹੋ। ਜੇ ਮਕਾਨ-ਮਾਲਕ ਤੁਹਾਨੂੰ ਬੇਦਖ਼ਲ ਕਰਨਾ ਚਾਹੁੰਦਾ ਹੈ, ਤਾਂ ਉਹਨਾਂ ਨੂੰ ਅਦਾਲਤ ਦੀ ਪ੍ਰਕਿਰਿਆ ਦੁਬਾਰਾ ਸ਼ੁਰੂ ਕਰਨੀ ਪਏਗੀ।

ਜੱਜ ਸ਼ਾਇਦ ਕੇਸ ਨੂੰ ਮੁਲਤਵੀ ਕਰ ਸਕਦਾ ਹੈ ਜਦੋਂ ਤੱਕ ਤੁਸੀਂ ਹਰ ਮਹੀਨੇ ਆਪਣੇ ਕਿਰਾਏ ਅਤੇ ਕੁਝ ਬਕਾਇਆ ਰਕਮ ਦਾ ਭੁਗਤਾਨ ਕਰਦੇ ਰਹਿੰਦੇ ਹੋ। ਕੀਤੇ ਗਏ ਆਰਡਰ ਦੀ ਕਿਸਮ 'ਤੇ ਨਿਰਭਰ ਕਰਦਿਆਂ, ਜੇ ਤੁਸੀਂ ਸ਼ਰਤਾਂ ਨੂੰ ਮੰਨਣ ਵਿੱਚ ਅਸਫਲ ਰਹਿੰਦੇ ਹੋ ਤਾਂ ਤੁਹਾਨੂੰ ਜਾਂ ਤਾਂ ਬੇਦਖ਼ਲ ਕਰ ਦਿੱਤਾ ਜਾਵੇਗਾ ਜਾਂ ਤੁਹਾਡੇ ਮਕਾਨ-ਮਾਲਕ ਨੂੰ ਅਦਾਲਤ ਵਿੱਚ ਵਾਪਸ ਅਰਜ਼ੀ ਦੇਣੀ ਪਏਗੀ।

**ਕਿਸੇ ਬੇਦਖ਼ਲੀ ਨੂੰ ਲਾਗੂ ਕਰਨਾ**

ਜੇ ਅਦਾਲਤ ਕਿਸੇ ਕਬਜ਼ੇ ਦਾ ਆਦੇਸ਼ ਦਿੰਦੀ ਹੈ, ਤਾਂ ਇਸ ਤੋਂ ਪਹਿਲਾਂ ਕਿ ਮਕਾਨ-ਮਾਲਕ ਬੇਲਿਫਾਂ ਦੁਆਰਾ ਬੇਦਖ਼ਲੀ ਲਾਗੂ ਕਰਨ ਲਈ ਅਰਜ਼ੀ ਦੇਵੇ, ਤੁਹਾਨੂੰ ਬਾਹਰ ਜਾਣ ਲਈ ਹੋਰ ਸਮਾਂ ਦਿੱਤਾ ਜਾਵੇਗਾ। ਉਹਨਾਂ ਨੂੰ ਬੇਦਖ਼ਲੀ ਦੀ ਮਿਤੀ ਬਾਰੇ ਤੁਹਾਨੂੰ 2 ਹਫ਼ਤਿਆਂ ਦਾ ਨੋਟਿਸ ਜ਼ਰੂਰ ਦੇਣਾ ਚਾਹੀਦਾ ਹੈ।

**ਜਦੋਂ ਕੋਈ ਬੇਦਖ਼ਲੀ ਗੈਰ ਕਾਨੂੰਨੀ ਹੁੰਦੀ ਹੈ**

ਜੇ ਕਿਸੇ ਮਕਾਨ-ਮਾਲਕ ਕੋਲ ਬੇਦਖ਼ਲੀ ਨੂੰ ਲਾਗੂ ਕਰਨ ਲਈ ਅਦਾਲਤ ਦੁਆਰਾ ਨਿਯੁਕਤ ਕੀਤੇ ਬੇਲਿਫ ਨਹੀ ਹਨ, ਅਤੇ ਉਹ ਤੁਹਾਨੂੰ ਜ਼ਬਰਦਸਤੀ ਬਾਹਰ ਕੱਢਣ ਜਾਂ ਤਾਲੇ ਬਦਲਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਹ ਇੱਕ ਫੌਜ਼ਦਾਰੀ ਅਪਰਾਧ ਹੈ।

ਮਕਾਨ-ਮਾਲਕ ਕਈ ਵਾਰ ਡਰਾ-ਧਮਕਾ ਕੇ ਜਾਂ ਸਹੂਲਤਾਂ ਕੱਟ ਕੇ ਕਬਜ਼ਾ ਕਰਨ ਵਾਲਿਆਂ ਨੂੰ ਛੱਡਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਪਰੇਸ਼ਾਨ ਕਰਨਾ ਹੁੰਦਾ ਹੈ ਅਤੇ ਇਹ ਵੀ ਇੱਕ ਫੌਜ਼ਦਾਰੀ ਅਪਰਾਧ ਹੈ।

ਪਰੇਸ਼ਾਨੀ ਅਤੇ ਗੈਰਕਾਨੂੰਨੀ ਬੇਦਖ਼ਲੀ ਨੂੰ ਰੋਕਣ ਲਈ ਤੁਹਾਡੀ ਕਾਉਂਸਿਲ ਅਤੇ ਪੁਲਿਸ ਤੁਹਾਡੀ ਸਹਾਇਤਾ ਕਰ ਸਕਦੀ ਹੈ ਅਤੇ ਦਖ਼ਲ ਦੇ ਸਕਦੀ ਹੈ। https://ch1889.org/safer-renting 'ਤੇ ਹੋਰ ਪੜ੍ਹੋ

ਇਸ ਤੱਥ ਪੱਤਰ ਵਿਚਲੀ ਜਾਣਕਾਰੀ ਪ੍ਰਕਾਸ਼ਿਤ ਕਰਨ ਵੇਲੇ ਸਹੀ ਹੈ। ਵਧੇਰੇ ਸਹਾਇਤਾ ਲਈ, www.generationrent.org/find_expert_advice 'ਤੇ ਜਾਓ

ਜੇ ਤੁਹਾਨੂੰ ਆਪਣਾ ਘਰ ਗੁਆਉਣ ਦਾ ਜੋਖਮ ਹੈ ਤਾਂ ਤੁਸੀਂ ਮੁਫ਼ਤ ਕਾਨੂੰਨੀ ਸਲਾਹ ਅਤੇ ਅਦਾਲਤ ਵਿੱਚ ਪ੍ਰਤਿਨਿਧਤਾ ਤੱਕ ਪਹੁੰਚ ਇੱਥੇ ਪ੍ਰਾਪਤ ਕਰ ਸਕਦੇ ਹੋ: https://www.gov.uk/government/publications/housing-loss-prevention-advice-service-hlpas